# ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ (ਪੰਜਾਬ)**

ਫੋਨ ਨੰ: 0172-2212221, ਈ.ਮੇਲ: **scertaffiliation@punjabeducation.gov.in**


ਪਬਲਿਕ ਨੋਟਿਸ

ਈ.368788

ਮਿਤੀ : ਐਸ.ਏ.ਐਸ. ਨਗਰ: 14/12/2023

ਡੀ.ਐਲ.ਐਡ. ਕੋਰਸ ਸੈਸ਼ਨ 2023-25 ਦੇ ਦਾਖਲਿਆਂ ਲਈ ਵਿਭਾਗ ਵੱਲੋਂ ਮਿਤੀ 03.12.2023 ਨੂੰ ਪ੍ਰਵੇਸ਼ ਪ੍ਰੀਖਿਆ ਕਰਵਾਈ ਗਈ ਸੀ। ਵਿਭਾਗ ਵੱਲੋਂ ਉੱਤਰ ਕੁੰਜੀ ਵੈਬਸਾਈਟ ਤੇ ਅਪਲੋਡ ਕਰਨ ਉਪਰੰਤ ਮਿਤੀ 04.12.2023 ਤੋਂ 07.12.2023 ਤੱਕ ਆਨ ਲਾਈਨ ਪੋਰਟਲ ਰਾਹੀਂ ਉਮੀਦਾਵਰਾਂ ਤੋਂ ਇਤਰਾਜ ਮੰਗੇ ਗਏ ਸਨ। ਇਨ੍ਹਾਂ ਇਤਰਾਜਾਂ ਨੂੰ ਘੋਖਣ ਉਪਰੰਤ ਪ੍ਰਵੇਸ਼ ਪ੍ਰੀਖਿਆ ਦਾ ਨਤੀਜਾ ਅਤੇ ਉੱਤਰ ਕੁੰਜੀ ਵਿਭਾਗ ਦੀ ਵੈਬਸਾਈਟ www.ssapunjab.org ਤੇ ਅਪਲੋਡ ਕਰ ਦਿੱਤੀ ਗਈ ਹੈ। ਜਿਨ੍ਹਾਂ ਉਮੀਦਵਾਰਾਂ ਵੱਲੋਂ ਪ੍ਰਵੇਸ਼ ਪ੍ਰੀਖਿਆ ਦੌਰਾਨ 150 ਅੰਕਾਂ ਵਿੱਚੋਂ 75 ਅੰਕ ਜਾਂ ਇਸ ਤੋਂ ਵੱਧ ਅੰਕ (ਭਾਵ 50% ਅੰਕ ਜਾਂ ਇਸ ਤੋਂ ਵੱਧ ਅੰਕ) ਪ੍ਰਾਪਤ ਕੀਤੇ ਹਨ ਉਨ੍ਹਾਂ ਉਮੀਦਵਾਰਾਂ ਦਾ ਨਤੀਜਾ ਪਾਸ ਹੈ। ਜਿਹੜੇ ਉਮੀਦਵਾਰਾਂ ਵੱਲੋਂ 74 ਜਾਂ ਇਸ ਤੋਂ ਘੱਟ ਅੰਕ ( ਭਾਵ 50% ਤੋਂ ਘਟ ਅੰਕ) ਪ੍ਰਾਪਤ ਕੀਤੇ ਹਨ, ਉਹ ਉਮੀਦਵਾਰ ਫੇਲ੍ਹ ਕੈਟਾਗਰੀ ਵਿੱਚ ਆਉਂਦੇ ਹਨ। ਪਾਸ ਉਮੀਦਵਾਰਾਂ ਨੂੰ ਕਾਉਸਲਿੰਗ ਲਈ ਜਲਦ ਹੀ ਵਿਭਾਗ ਦੀ ਵੈਬਸਾਈਟ ਤੇ ਪਬਲਿਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਵੇਗਾ। ਪਾਸ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਿਯਮਿਤ ਤੌਰ ਤੇ ਵਿਭਾਗ ਦੀ ਵੈਬਸਾਈਟ ਚੈੱਕ ਕਰਦੇ ਰਹਿਣ।

ਨੋਡਲ ਅਫਸਰ

(ਡੀ.ਐਲ.ਐਡ. ਪ੍ਰਵੇਸ਼ ਪ੍ਰੀਖਿਆ)